aglasem.com

FOR PUNJAB CLASS 9 PREPARATION

PSEB 9th Class Syllabus 2027 Music (Vocal)

EXAM	YEAR	TYPE	SUBJECT
Punjab Class 9	2027	Syllabus	Music

ਸਾਲ: 2026-27

ਸੰਗੀਤ-Vocal

ਸ਼੍ਰੇਣੀ - ਨੌਵੀਂ

ਪਾਠਕ੍ਰਮ (ਲਿਖਤੀ)

ਭਾਗ - ੳ

ਹੇਠ ਲਿਖਿਆਂ ਦੀਆਂ ਪਰਿਭਾਸ਼ਾਵਾਂ

1. ਸੰਗੀਤ, ਆਰੋਹ, ਅਵਰੋਹ, ਪਕੜ, ਜਾਤੀ, ਵਾਦੀ, ਸਮਵਾਦੀ, ਅਨੁਵਾਦੀ, ਵਰਜਿਤ, ਵਿਵਾਦੀ, ਸੁਰ, ਜਨਯਰਾਗ, ਆਸ਼ਰਯ ਰਾਗ, ਲੈਅ;
2. ਸੁਰ :- ਸ਼ੁੱਧ ਸੁਰ, ਕੋਮਲ ਸੁਰ, ਤੀਵਰ ਸੁਰ;
3. ਤਾਲ, ਮਾਤਰਾ ਵਿਭਾਗ, ਸਮ, ਤਾਲੀ, ਖਾਲੀ, ਆਵਰਤਨ;
4. ਅਲਾਪ-ਆਧੁਨਿਕ ਅਲਾਪ ਗਾਇਨ ਦੀ ਵਿਧੀ;
5. ਤਾਨ-ਤਾਨ ਦੀਆਂ ਕਿਸਮਾਂ;
6. ਸੰਗੀਤ ਦਾ ਸਾਜ਼-ਹਰਮੋਨੀਅਮ, ਇਤਿਹਾਸ ਅਤੇ ਅੰਗ ਵਰਣਨ;
7. ਭਾਰਤੀ ਸੰਗੀਤ ਵਿੱਚ ਵਾਦਾਂ ਦਾ ਮਹੱਤਵ;
8. ਜੀਵਨੀ ਉਸਤਾਦ ਬੜੇ ਗੁਲਾਮ ਅਲੀ ਖਾਂ;
9. ਰਾਗ, ਰਾਗ ਦੇ ਨਿਯਮ ਅਤੇ ਇਸ ਦੀਆਂ ਜਾਤੀਆਂ ਅਤੇ ਉਪਜਾਤੀਆਂ;
10. ਆਧੁਨਿਕ ਭਾਰਤੀ ਸੰਗੀਤ (ਹਿੰਦੁਸਤਾਨੀ ਸੰਗੀਤ) ਕਾਲ ਵਿੱਚ ਪੰਡਤ ਵਿਸ਼ਨੂੰ ਨਰਾਇਣ ਭਾਤਖੰਡੇ ਜੀ ਦੀ ਸੰਗੀਤ ਪ੍ਰਤੀ ਦੇਣ;

ਭਾਗ - ਅ

1. ਪਾਠਕ੍ਰਮ ਦੇ ਰਾਗ ਭੈਰਵੀ, ਕਾਫ਼ੀ, ਬਿਲਾਵਲ ਦੀ ਜਾਣ-ਪਛਾਣ, ਆਰੋਹ-ਅਵਰੋਹ ਪਕੜ ਅਤੇ ਸੁਰ ਲਿੱਪੀ ਸਹਿਤ;
2. ਪਾਠਕ੍ਰਮ ਦੀਆਂ ਤਾਲਾਂ-ਤਿੰਨ ਤਾਲ, ਝੱਪਤਾਲ, ਕਹਿਰਵਾ ਅਤੇ ਦਾਦਰਾ ਤਾਲ ਦੀ ਜਾਣ-ਪਛਾਣ ਤੇ ਤਾਲ ਲਿੱਪੀ;

ਪ੍ਰਸ਼ਨ ਪੱਤਰ ਦੀ ਰੂਪਰੇਖਾ (ਪ੍ਰਯੋਗੀ)

ਨੋਟ:-ਪ੍ਰਯੋਗੀ ਪ੍ਰੀਖਿਆ ਦੀ ਇੱਕ ਟੋਲੀ ਵਿੱਚ 9 ਤੋਂ ਵੱਧ ਵਿਦਿਆਰਥੀ ਨਹੀਂ ਹੋਣੇ ਚਾਹੀਦੇ ।

ਪ੍ਰਸ਼ਨ-ਪੱਤਰ ਮੌਕੇ ਤੇ ਤਿਆਰ ਕੀਤਾ ਜਾਵੇਗਾ । ਪ੍ਰਯੋਗੀ ਪ੍ਰੀਖਿਆ ਦਾ ਪ੍ਰਸ਼ਨ-ਪੱਤਰ ਤਿਆਰ ਕਰਨ ਸਮੇਂ ਲਿਖਤੀ ਪੇਪਰ ਤੇ ਪਾਠਕ੍ਰਮ ਦਾ ਧਿਆਨ ਰੱਖਣ ਦੇ ਨਾਲ਼ ਨਾਲ਼ ਹੇਠ ਲਿਖੀਆਂ ਹਿਦਾਇਤਾਂ ਦੀ ਪਾਲਣਾ ਕੀਤੀ ਜਾਵੇਗੀ ।

1. ਪਾਠਕ੍ਰਮ ਦੇ ਰਾਗਾਂ ਵਿੱਚੋਂ ਵਿਦਿਆਰਥੀ ਦੇ ਚੋਣ ਵਾਲੇ ਕਿਸੇ ਇੱਕ ਰਾਗ ਵਿੱਚ ਵੱਡਾ ਖਿਆਨ ਜਾਂ ਛੋਟੇ ਖਿਆਨ ਨੂੰ ਅਲਾਪ, ਤਾਨਾ ਸਮੇਤ ਗਾਇਨ ਕਰਨਾ । ਇਸ ਲਈ ਸਮਾਂ 4 ਮਿੰਟ ਦਾ ਹੋਵੇਗਾ ।
2. ਪਾਠਕ੍ਰਮ ਦੇ ਰਾਗਾਂ ਵਿੱਚੋਂ ਪ੍ਰੀਖਿਅਕ ਦੀ ਚੋਣ ਵਾਲੇ ਕਿਸੇ ਇੱਕ ਵਿੱਚ ਵੱਡਾ ਖਿਆਨ ਜਾਂ ਛੋਟੇ ਖਿਆਨ ਨੂੰ ਅਲਾਪ, ਤਾਨਾ ਸਮੇਤ ਗਾਇਨ ਕਰਨਾ । ਇਸ ਲਈ ਸਮਾਂ 4 ਮਿੰਟ ਦਾ ਹੋਵੇਗਾ ।
3. ਪਾਠਕ੍ਰਮ ਦੀਆਂ ਤਾਲਾਂ ਵਿੱਚੋਂ ਕਿਸੇ ਇੱਕ ਤਾਲ ਦੇ ਬੋਲਾਂ ਨੂੰ ਹੱਥ ਨਾਲ ਤਾਲੀ ਦੇ ਕੇ ਉਚਾਰਣ ਕਰਨਾ । ਇਸ ਲਈ ਸਮਾਂ 4 ਮਿੰਟ ਦਾ ਹੋਵੇਗਾ ।
4. ਦਿੱਤੀਆਂ ਸੁਰਸੰਗਤੀਆਂ ਤੋਂ ਪਾਠਕ੍ਰਮ ਦੇ ਰਾਗਾਂ ਦੀ ਜਾਣ ਪਛਾਣ ਕਰਨੀ । ਇਸ ਲਈ ਸਮਾਂ 4 ਮਿੰਟ ਦਾ ਹੋਵੇਗਾ ।
5. ਉਪਰੋਕਤ ਰਾਗਾਂ ਵਿੱਚੋਂ ਕਿਸੇ ਇੱਕ ਰਾਗ ਵਿੱਚ ਭਜਨ, ਸ਼ਬਦ, ਲੋਕ ਗੀਤ ਦਾ ਗਾਇਨ ਕਰਨਾ। ਇਸ ਲਈ ਸਮਾਂ 4 ਮਿੰਟ ਦਾ ਹੋਵੇਗਾ ।

ਕਿਰਿਆਤਮਕ (ਪਾਠਕ੍ਰਮ)

1. ਪਾਠਕ੍ਰਮ ਦੇ ਰਾਗ ਭੈਰਵੀ, ਕਾਫੀ, ਬਿਲਾਵਲ ਥਾਟਾਂ ਦੇ ਪੰਜ-ਪੰਜ ਅੰਲਕਾਰ;
2. ਰਾਗ ਭੈਰਵੀ, ਕਾਫੀ ਅਤੇ ਬਿਲਾਵਲ ਵਿੱਚ ਛੋਟਾ ਖਿਆਲ, ਆਲਾਪ ਆਰੋਹ ਅਵਰੋਹ ਪਕੜ ਅਤੇ ਦੋ ਤਾਨਾਂ ਸਹਿਤ;
3. ਪਾਠਕ੍ਰਮ ਦੇ ਰਾਗਾਂ ਦੀ ਜਾਣ-ਪਛਾਣ;
4. ਤਿੰਨ ਤਾਲ, ਝੱਪਤਾਲ, ਕਹਿਰਵਾ ਅਤੇ ਦਾਦਰਾ ਤਾਲਾਂ ਨੂੰ ਠਾਹ ਦੁਗੁਣ ਲੈਅ ਵਿੱਚ ਹੱਥ ਨਾਲ ਤਾਲੀ ਦੇ ਕੇ ਉਚਾਰਣ ਕਰਨਾ;
5. ਕਿਸੀ ਵੀ ਰਾਗ ਵਿੱਚ ਸ਼ਬਦ/ਭਜਨ/ਲੋਕ ਗੀਤ/ ਦੇਸ਼ ਭਗਤੀ ਦੇ ਗੀਤ ਦਾ ਗਾਇਨ ਕਰਨਾ;

ਪਾਠ-ਪੁਸਤਕਾਂ

1. ਗਾਇਨ (ਪੰਜਾਬੀ) ਮੈਟ੍ਰਿਕ ਸ਼੍ਰੇਣੀ ਲਈ, ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਪ੍ਰਕਾਸ਼ਿਤ
2. ਗਾਇਨ (ਹਿੰਦੀ) ਮੈਟ੍ਰਿਕ ਸ਼੍ਰੇਣੀ ਲਈ, ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਪ੍ਰਕਾਸ਼ਿਤ